# :: ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ, ਪਟਿਆਲਾ ::

ਨੰਬਰ..853........./ ਪੀਆਰਟੀਸੀ/ਟੀ ਮਿਤੀ..19/5/20......

ਸੇਵਾ ਵਿਖੇ,

ਜਨਰਲ ਮੈਨੇਜਰ,

ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ,

ਪਟਿਆਲਾ,ਚੰਡੀਗੜ੍ਹ,ਸੰਗਰੂਰ,ਬੁਢਲਾਡਾ,ਬਠਿੰਡਾ,

ਲੁਧਿਆਣਾ,ਫਰੀਦਕੋਟ,ਕਪੂਰਥਲਾ ਅਤੇ ਬਰਨਾਲਾ ਡਿਪੂ।

ਵਿਸ਼ਾ: **ਮਿਤੀ 20.05.2020 ਤੋਂ ਬੱਸ ਸਰਵਿਸ ਸ਼ੁਰੂ ਕਰਨ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਪੰਜਾਬ ਸਰਕਾਰ ਟਰਾਂਸਪੋਰਟ ਵਿਭਾਗ ਵੱਲੋਂ ਨੋਟੀਫਿਕੇਸ਼ਨ (11/17/2020-2ਟੀ3/637-639 ਮਿਤੀ 20.03.2020)(ਕਾਪੀ ਨੱਥੀ)ਮੁਤਾਬਿਕ ਦਰਸਾਏ ਗਏ ਰੂਟਾਂ ਤੇ ਬੱਸ ਸਰਵਿਸ ਮਿਤੀ 20.05.2020 ਤੋਂ ਸ਼ੁਰੂ ਕੀਤੀ ਜਾਣੀ ਹੈ।ਇਹ ਸਰਵਿਸ ਸ਼ੁਰੂ ਕਰਨ ਸਮੇਂ ਸਰਕਾਰ ਵੱਲੋਂ ਸਮੇਂ ਸਿਰ Covid-19 ਤੋ ਬਚਾਅ ਕਰਨ ਲਈ ਕੀਤੀਆਂ ਗਈਆਂ ਹਦਾਇਤਾਂ ਅਤੇ ਹੇਠ ਲਿਖੀਆਂ ਸ਼ਰਤਾਂ ਦੀ ਪਾਲਣਾ ਕਰਦੇ ਹੋਏ ਬੱਸ ਸਰਵਿਸ ਚਲਾਉਣਾ ਯਕੀਨੀ ਬਣਾਇਆ ਜਾਵੇ:

1. ਬੱਸ ਸਰਵਿਸ ਕਿਸੇ ਵੀ ਰੂਟ ਤੇ ਉਸ ਦੇ Originating Point ਤੋਂ Terminating Point ਤੱਕ ਹੀ ਚਲਾਈ ਜਾਣੀ ਹੈ ਅਤੇ ਇਸ ਦਰਮਿਆਨ ਆਉਂਦੇ ਕਿਸੇ ਵੀ ਬੱਸ ਅੱਡੇ ਉਪਰ ਖੜੀ ਸਵਾਰੀ ਬੱਸ ਵਿੱਚ ਚੜ੍ਹਾਈ ਨਹੀਂ ਜਾਵੇਗੀ ਕੇਵਲ ਜਿਲ੍ਹੇ ਦੇ ਹੈਡਕੁਆਟਰ ਤੇ ਸਵਾਰੀਆਂ ਨੂੰ ਉਤਾਰਿਆ ਜਾ ਸਕਦਾ ਹੈ।
2. ਬੱਸ ਦੇ ਰੂਟ ਤੇ ਜਾਣ ਤੋਂ ਪਹਿਲਾਂ ਸਵਾਰੀਆਂ ਦੀਆਂ ਟਿਕਟਾਂ ਅਡਵਾਂਸ ਬੁਕਿੰਗ ਏਜਿੰਟ ਵੱਲੋਂ ਜਾਂ ਕੰਡਕਟਰ ਬੱਸ ਸਟੈਂਡ ਤੇ ਹੀ ਕੱਟੀਆਂ ਜਾਣ ਅਤੇ ਫਰੀ ਜਾਂ ਰਿਆਇਤੀ ਦਰਾਂ ਤੇ ਸਫਰ ਕਰਨ ਵਾਲੇ ਯਾਤਰੀਆਂ ਦਾ ਇੰਦਰਾਜ ਵੀ ਮੌਕੇ ਤੇ ਬੱਸ ਸਟੈਂਡ ਵਿਖੇ ਹੀ ਕਰਨਾ ਯਕੀਨੀ ਬਣਾਇਆ ਜਾਵੇ।ਟਿਕਟ ਕੱਟਣ ਵਾਲੇ ਅਡਵਾਂਸ ਬੁੱਕਰ/ਕੰਡਕਟਰ ਵੱਲੋਂ ਟਿਕਟ ਕੱਟਣ ਤੋਂ ਪਹਿਲਾਂ ਅਤੇ ਬਾਅਦ ਵਿੱਚ ਸਾਬਨ ਤੇ ਪਾਣੀ ਨਾਲ ਹੱਥ ਧੋਤੇ ਜਾਣ। ਅਡਵਾਂਸ ਬੁੱਕਰਾਂ ਦੇ ਕੈਬਿਨਾਂ ਦੀ ਪਲਾਸਿਟਕ/ਸ਼ੀਸ਼ੇ ਨਾਲ ਪਾਰਟੀਸ਼ਨ ਕੀਤੀ ਜਾਵੇ।
3. ਸਫਰ ਦੌਰਾਨ ਕਿਸੇ ਵੀ ਹਾਲ ਵਿੱਚ ਬੱਸ ਵਿੱਚ ਬੈਠਣ ਦੀ ਸਮਰੱਥਾ ਅਨੁਸਾਰ 50% ਸੀਟਾਂ ਤੋਂ ਵੱਧ ਸਵਾਰੀ ਨਹੀਂ ਹੋਣੀ ਚਾਹੀਦੀ ਅਤੇ ਹਰੇਕ ਵਿਚਕਾਰ ਯਾਤਰਾ ਦੌਰਾਨ,ਚੜਨ ਸਮੇਂ,ਬੈਠਣ ਸਮੇਂ ਅਤੇ ਬੱਸ ਤੋਂ ਉਤਰਨ ਸਮੇਂ ਇੱਕ ਮੀਟਰ ਦੀ ਸਮਾਜਿਕ ਦੂਰੀ ਦੇ ਨਿਯਮਾਂ ਦੀ ਸਖਤੀ ਨਾਲ ਪਾਲਣਾ ਕੀਤੀ ਜਾਵੇ ਇਸ ਦੇ ਨਾਲ ਹੀ ਯਾਤਰੀਆਂ ਨੂੰ ਸਲਾਹ ਦਿੱਤੀ ਜਾਵੇ ਕਿ ਉਹ ਇੱਕ ਦੂਜੇ ਤੋਂ ਸੀਟਾਂ ਛੱਡ ਕੇ ਖਿੜਕੀ/ਵਿਚਕਾਰ/ਕਿਨਾਰੇ ਤੇ ਬੈਠਣਾ ਯਕੀਨੀ ਬਨਾਉਣ।

--

Scanned with CamScanner

4. ਬੱਸ ਵਿੱਚ ਚੜਨ ਦੇ ਸਥਾਨ ਅਤੇ ਟਿਕਟਾਂ ਜਾਰੀ ਕਰਨ ਵਾਲੇ ਸਥਾਨ ਤੇ ਯਾਤਰੀਆਂ ਵਿਚਕਾਰ ਸਮਾਜਿਕ ਦੂਰੀ ਬਣਾਏ ਰੱਖਣ ਲਈ ਇੱਕ ਮੀਟਰ ਦੀ ਦੂਰੀ ਤੇ ਅਸਥਾਈ ਗੋਲ/ਚੋਰਸ/ ਚੱਕਰ ਆਦਿ ਢੰਗ ਨਾਲ ਨਿਸ਼ਾਨਦੇਹੀ ਕੀਤੀ ਜਾਵੇ।
5. ਬੱਸਾਂ ਵਿੱਚ ਚੜਨ ਵਾਲੀਆਂ ਸਵਾਰੀਆਂ ਲਈ ਮਾਸਕ ਪਹਿਨਣੇ ਜਰੂਰੀ ਹਨ।ਜੇਕਰਕਿਸੇ ਸਵਾਰੀ ਕੋਲ ਮਾਸਕ ਨਹੀਂ ਹੈ ਤਾਂ ਉਹ ਟਿਕਟ ਕਾਂਉਟਰ ਤੋਂ ਮਾਸਕ ਖਰੀਦ ਸਕਦੇ ਹਨ।ਇਸ ਲਈ ਸਵਾਰੀਆਂ ਲਈ ਮਾਸਕ ਦੀ ਸੁਵਿਧਾ ਟਿਕਟ ਕਾਂਉਟਰਾਂ ਤੇ ਉਪਲਬੱਧ ਕਰਵਾਈ ਜਾਵੇ।
6. ਬੱਸ ਸਰਵਿਸ ਸ਼ੁਰੂ ਕਰਨ ਤੋਂ ਪਹਿਲਾਂ ਬੱਸ ਨੂੰ ਸੈਨੇਟਾਇਜ਼ ਕਰਨਾ ਜਰੂਰੀ ਹੈ ਅਤੇ ਬੱਸਾਂ ਵਿੱਚ ਹੈਂਡ ਸੈਨੇਟਾਇਜ਼ਰ ਮੁਹੱਈਆ ਵੀ ਕਰਵਾਏ ਜਾਣ।
7. ਬੱਸ ਤੇ ਡਿਊਟੀ ਦੋਰਾਨ ਡਰਾਇਵਰ ਅਤੇ ਕੰਡਕਟਰ ਮਾਸਕ,ਦਸਤਾਨੇ ਆਦਿ ਦਾ ਇਸਤੇਮਾਲ ਲਾਜਮੀ ਕਰਨ ਅਤੇ ਇਹ ਯਕੀਨੀ ਬਨਾਉਣਗੇ ਕਿ ਬੱਸ ਵਿੱਚ ਬੈਠੀਆਂ ਸਾਰੀਆਂ ਸਵਾਰੀਆਂ ਦੇ ਮਾਸਕ ਪਾਏ ਹੋਣ।
8. ਬੱਸਾਂ ਵਿੱਚ ਡਰਾਇਵਰ ਦੇ ਕੈਬਿਨ ਅਤੇ ਯਾਤਰੀਆਂ ਵਿਚਕਾਰ ਪਲਾਸਿਟ/ਸ਼ੀਸ਼ੇ ਜਾਂ ਹਾਲ ਦੀ ਘੜੀ ਆਰਜੀ ਢੰਗ ਨਾਲ ਪਾਰਟੀਸ਼ਨ ਕੀਤਾ ਜਾਵੇ।
9. ਨੱਥੀ ਕੀਤੀ ਨੋਟੀਫਿਕੇਸ਼ਨ ਵਿੱਚ ਦਰਸਾਏ ਗਏ ਰੂਟਾਂ ਤੇ ਪੁਆਇੰਟ ਟੂ ਪੁਆਇੰਟ ਬੱਸ ਸਰਵਿਸ ਚਲਾਉਣ ਸਬੰਧੀ ਇਸ ਦਫਤਰ ਵੱਲੋਂ ਤਜਵੀਜ ਕੀਤੇ ਗਏ ਰੂਟਾਂ ਦੀ ਸੂਚੀ ਨੱਥੀ ਕਰਕੇ ਭੇਜੀ ਜਾਂਦੀ ਹੈ।ਨੱਥੀ ਕੀਤੀ ਗਈ ਸੂਚੀ ਤੋਂ ਇਲਾਵਾ ਜੇਕਰ ਡਿਪੂ ਪੱਧਰ ਤੇ ਕੋਈ ਹੋਰ ਰੂਟ ਚਲਾਉਣਾ ਚਾਹੁੰਦੇ ਹੋ ਤਾਂ ਉਹ ਰੂਟ ਚਲਾਉਣ ਉਪਰੰਤ ਮੁੱਖ ਦਫਤਰ ਓਪਰੇਸ਼ਨ ਸਾਖਾ ਨੂੰ ਜਾਣਕਾਰੀ ਭੇਜਣ ਦੀ ਖੇਚਲ ਕੀਤੀ ਜਾਵੇ ਅਤੇ ਚਲਾਏ ਜਾਂਦੇ ਰੂਟਾਂ ਸਬੰਧੀ ਸੂਚਨਾਂ ਰੋਜ਼ਾਨਾਂ ਓਪਰੇਸ਼ਨ ਸਾਖਾ ਵਿੱਚ ਸਵੇਰੇ 10:00 ਵਜੇ ਅਤੇ ਦੁਪਹਿਰ 03:00 ਵਜੇ ਭੇਜੀ ਜਾਵੇ ਜੀ।

ਇਸ ਨੂੰ ਪਰਮਅਗੇਤ ਸਮਝਿਆ ਜਾਵੇ ਜੀ।

ਨੱਥੀ:(ਉਪਰੋਕਤ ਅਨੁਸਾਰ)

ਜਨਰਲ ਮੈਨੇਜਰ (ਪ੍ਰਸ਼ਾਸ਼ਨ)

ਪਿੱਠ ਅੰਕਣ ਨੰ:..............ਪੀਆਰਟੀਸੀ/ਟੀ

ਮਿਤੀ..............

ਉਕਤ ਦਾ ਉਤਾਰਾ:

1. ਮੁੱਖ ਲੇਖਾ ਅਫਸਰ ਪੀਆਰਟੀਸੀ ਪਟਿਆਲਾ ਨੂੰ ਜਾਣਕਾਰੀ ਹਿੱਤ।
2. ਕਾਰਜਕਾਰੀ ਇੰਜੀਨਿਅਰ ਪੀਆਰਟੀਸੀ ਪਟਿਆਲਾ ਨੂੰ ਜਾਣਕਾਰੀ ਹਿੱਤ।
3. ਜਨਰਲ ਮੈਨੇਜਰ ਕੇਂਦਰੀ ਵਰਕਸ਼ਾਪ ਮੁੱਖ ਦਫਤਰ ਪੀਆਰਟੀਸੀ ਪਟਿਆਲਾ ਨੂੰ ਜਾਣਕਾਰੀ ਹਿੱਤ।
4. ਪੀ.ਏ.ਟੂ ਚੇਅਰਮੈਨ/ਐਮ.ਡੀ/ਏ.ਐਮ.ਡੀ ਪੀਆਰਟੀਸੀ ਪਟਿਆਲਾ ਨੂੰ ਜਾਣਕਾਰੀ ਹਿੱਤ।

ਜਨਰਲ ਮੈਨੇਜਰ (ਪ੍ਰਸ਼ਾਸ਼ਨ)
ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ,
ਪਟਿਆਲਾ।

ਨੱਥੀ:(ਉਪਰੋਕਤ ਅਨੁਸਾਰ)

Scanned with CamScanner

1.ਪਟਿਆਲਾ ਡਿਪੂ

| ਲੜੀ ਨੰ. | ਰੂਟ ਦਾ ਨਾਮ | ਵਿਸ਼ੇਸ਼ ਕਥਨ |
|---|---|---|
| 1 | ਪਟਿਆਲਾ-ਨਾਭਾ | |
| 2 | ਨਾਭਾ-ਮਲੇਰਕੋਟਲਾ | |
| 3 | ਪਟਿਆਲਾ-ਮਲੇਰਕੋਟਲਾ | |
| 4 | ਪਟਿਆਲਾ-ਸਮਾਨਾ | |
| 5 | ਸਮਾਨਾ-ਪਾਤੜਾਂ | |
| 6 | ਪਟਿਆਲਾ-ਪਾਤੜਾਂ | |
| 7 | ਪਟਿਆਲਾ-ਰਾਜਪੁਰਾ | |
| 8 | ਪਟਿਆਲਾ-ਅੰਮ੍ਰਿਤਸਰ ਵਾ:ਸਰਹਿੰਦ,ਖੰਨਾ | |
| 9 | ਪਟਿਆਲਾ-ਰੋਪੜ | |
| 10 | ਪਟਿਆਲਾ-ਘਨੌਰ | |
| 11 | ਪਟਿਆਲਾ-ਨਵਾਂਗਾਓ | |
| 12 | ਪਟਿਆਲਾ-ਭਵਾਨੀਗੜ੍ਹ | |
| 13 | ਖੰਨਾ-ਪਟਿਆਲਾ (ਭਾਦਸੋਂ-ਅਮਲੋਹ) | |
| 14 | ਖੰਨਾ-ਨਾਭਾ | |
| 15 | ਨਵਾਂਗਾਓ-ਸਮਾਨਾ | |
| 16 | ਪਟਿਆਲਾ-ਘੜਾਮ | |

**2. ਚੰਡੀਗੜ੍ਹ ਡਿਪੂ**

| ਲੜੀ ਨੰ. | ਰੂਟ ਦਾ ਨਾਮ | ਵਿਸ਼ੇਸ਼ ਕਥਨ |
|---|---|---|
| 1 | ਚੰਡੀਗੜ੍ਹ-ਪਟਿਆਲਾ | |
| 2 | ਚੰਡੀਗੜ੍ਹ-ਸੰਗਰੂਰ | |
| 3 | ਚੰਡੀਗੜ੍ਹ-ਬਠਿੰਡਾ | |
| 4 | ਚੰਡੀਗੜ੍ਹ-ਲੁਧਿਆਣਾ | |
| 5 | ਚੰਡੀਗੜ੍ਹ-ਰੋਪੜ | |
| 6 | ਚੰਡੀਗੜ੍ਹ-ਰਾਜਪੁਰਾ | |

Scanned with CamScanner

### 3.ਸੰਗਰੂਰ ਡਿਪੂ

| ਲੜੀ ਨੰ. | ਰੂਟ ਦਾ ਨਾਮ | ਵਿਸ਼ੇਸ਼ ਕਥਨ |
|---|---|---|
| 1 | ਸੰਗਰੂਰ-ਪਟਿਆਲਾ | |
| 2 | ਸੰਗਰੂਰ-ਮਲੇਰਕੋਟਲਾ | |
| 3 | ਸੰਗਰੂਰ-ਲੁਧਿਆਣਾ | |
| 4 | ਸੰਗਰੂਰ-ਪਾਤੜਾਂ | |
| 5 | ਸੰਗਰੂਰ-ਚੰਡੀਗੜ੍ਹ | |
| 6 | ਸੰਗਰੂਰ-ਸੁਨਾਮ | |
| 7 | ਸੁਨਾਮ-ਲਹਿਰਾ | |
| 8 | ਸੰਗਰੂਰ-ਅੰਮ੍ਰਿਤਸਰ | |
| 9 | ਸੰਗਰੂਰ-ਧੂਰੀ | |
| 10 | ਸੰਗਰੂਰ-ਭਵਾਨੀਗੜ੍ਹ | |
| 11 | ਭਵਾਨੀਗੜ੍ਹ-ਪਟਿਆਲਾ | |

### 4.ਬਰਨਾਲਾ ਡਿਪੂ

| ਲੜੀ ਨੰ. | ਰੂਟ ਦਾ ਨਾਮ | ਵਿਸ਼ੇਸ਼ ਕਥਨ |
|---|---|---|
| 1 | ਬਰਨਾਲਾ-ਚੰਡੀਗੜ੍ਹ | |
| 2 | ਬਰਨਾਲਾ-ਪਟਿਆਲਾ | |
| 3 | ਬਰਨਾਲਾ-ਸੰਗਰੂਰ | |
| 4 | ਬਰਨਾਲਾ-ਮਾਨਸਾ | |
| 5 | ਬਰਨਾਲਾ-ਮੋਗਾ | |
| 6 | ਬਰਨਾਲਾ-ਬਠਿੰਡਾ | |
| 7 | ਬਰਨਾਲਾ-ਲੁਧਿਆਣਾ | |

### 5.ਬਠਿੰਡਾ ਡਿਪੂ

| ਲੜੀ ਨੰ. | ਰੂਟ ਦਾ ਨਾਮ | ਵਿਸ਼ੇਸ਼ ਕਥਨ |
|---|---|---|
| 1 | ਬਠਿੰਡਾ-ਚੰਡੀਗੜ੍ਹ | |
| 2 | ਬਠਿੰਡਾ-ਪਟਿਆਲਾ | |
| 3 | ਬਠਿੰਡਾ –ਮਾਨਸਾ | |

Scanned with CamScanner

| | | |
|---|---|---|
| 4 | ਬਠਿੰਡਾ-ਡੱਬਵਾਲੀ(ਕਿਲਿਆਂਵਾਲੀ) | |
| 5 | ਬਠਿੰਡਾ-ਮਲੋਟ | |
| 6 | ਬਠਿੰਡਾ-ਤਲਵੰਡੀ | |
| 7 | ਬਠਿੰਡਾ-ਬਰਨਾਲਾ | |
| 8 | ਬਠਿੰਡਾ-ਸ੍ਰੀ ਮੁਕਤਸਰ ਸਾਹਿਬ | |
| 9 | ਬਠਿੰਡਾ-ਭਗਤਾ | |

**6. ਫਰੀਦਕੋਟ ਡਿਪੂ**

| ਲੜੀ ਨੰ. | ਰੂਟ ਦਾ ਨਾਮ | ਵਿਸ਼ੇਸ਼ ਕਥਨ |
|---|---|---|
| 1 | ਫਰੀਦਕੋਟ-ਮੋਗਾ | |
| 2 | ਫਰੀਦਕੋਟ-ਫਿਰੋਜਪੁਰ | |
| 3 | ਫਰੀਦਕੋਟ-ਬਠਿੰਡਾ | |
| 4 | ਫਰੀਦਕੋਟ-ਸ੍ਰੀ ਅੰਮ੍ਰਿਤਸਰ | |
| 5 | ਫਰੀਦਕੋਟ-ਲੁਧਿਆਣਾ | |
| 6 | ਫਰੀਦਕੋਟ-ਚੰਡੀਗੜ੍ਹ | |

**7. ਬੁਢਲਾਡਾ ਡਿਪੂ**

| ਲੜੀ ਨੰ. | ਰੂਟ ਦਾ ਨਾਮ | ਵਿਸ਼ੇਸ਼ ਕਥਨ |
|---|---|---|
| 1 | ਬੁਢਲਾਡਾ-ਜਾਖਲ | |
| 2 | ਬੁਢਲਾਡਾ-ਪਾਤੜਾਂ | |
| 3 | ਜਾਖਲ-ਪਾਤੜਾਂ | |
| 4 | ਬੁਢਲਾਡਾ-ਪਟਿਆਲਾ | |
| 5 | ਬੁਢਲਾਡਾ-ਸੁਨਾਮ | |
| 6 | ਸੁਨਾਮ-ਪਟਿਆਲਾ | |
| 7 | ਬੁਢਲਾਡਾ-ਬੋਹਾ | |
| 8 | ਬੁਢਲਾਡਾ-ਮਾਨਸਾ | |
| 9 | ਮਾਨਸਾ-ਪਟਿਆਲਾ | |
| 10 | ਬੁਢਲਾਡਾ-ਭੀਖੀ | |

Scanned with CamScanner

## 8. ਲੁਧਿਆਣਾ ਡਿਪੂ

| ਲੜੀ ਨੰ. | ਰੂਟ ਦਾ ਨਾਮ | ਵਿਸ਼ੇਸ਼ ਕਥਨ |
|---|---|---|
| 1 | ਲੁਧਿਆਣਾ-ਹੁਸ਼ਿਆਰਪੁਰ | |
| 2 | ਲੁਧਿਆਣਾ-ਸੰਗਰੂਰ | |
| 3 | ਲੁਧਿਆਣਾ-ਮਲੇਰਕੋਟਲਾ | |
| 4 | ਮਲੇਰਕੋਟਲਾ-ਪਟਿਆਲਾ | |
| 5 | ਲੁਧਿਆਣਾ-ਸ੍ਰੀ ਅੰਮ੍ਰਿਤਸਰ | |
| 6 | ਲੁਧਿਆਣਾ-ਚੰਡੀਗੜ੍ਹ | |
| 7 | ਲੁਧਿਆਣਾ-ਬਰਨਾਲਾ | |
| 8 | ਲੁਧਿਆਣਾ-ਬਠਿੰਡਾ | |
| 9 | ਫਗਵਾੜਾ-ਨਕੋਦਰ | |

## 9. ਕਪੂਰਥਲਾ ਡਿਪੂ

| ਲੜੀ ਨੰ. | ਰੂਟ ਦਾ ਨਾਮ | ਵਿਸ਼ੇਸ਼ ਕਥਨ |
|---|---|---|
| 1 | ਕਪੂਰਥਲਾ-ਜਲੰਧਰ | |
| 2 | ਕਪੂਰਥਲਾ-ਗੋਇੰਦਵਾਲ | |
| 3 | ਕਪੂਰਥਲਾ-ਟਾਂਡਾ | |
| 4 | ਕਪੂਰਥਲਾ-ਸ੍ਰੀ ਅੰਮ੍ਰਿਤਸਰ | |
| 5 | ਕਪੂਰਥਲਾ-ਸੁਲਤਾਨਪੁਰ | |
| 6 | ਜਲੰਧਰ-ਪਟਿਆਲਾ | |

Scanned with CamScanner